## *ਪ੍ਰੈਸ ਨੋਟ*
## *(ਫਿਰੋਜ਼ਪੁਰ ਪੁਲਿਸ)*

**ਜਿਲਾ ਪੁਲਿਸ ਫਿਰੋਜਪੁਰ ਵੱਲੋਂ ਨਸ਼ਾ ਤਸਕਰਾਂ ਖਿਲਾਫ ਜਾਰੀ ਮੁਹਿੰਮ ਤਹਿਤ ਸਾਂਝੇ ਆਪਰੇਸ਼ਨ ਦੋਰਾਨ ਵੱਡੀ ਸਫਲਤਾ ਹਾਸਲ ਕਰਦਿਆਂ 01 ਨਸ਼ਾ ਤਸਕਰ ਨੂੰ 01 ਕਿਲੋਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ।**

ਫਿਰੋਜਪੁਰ: 11 ਫਰਵਰੀ 2024

**ਸ਼੍ਰੀਮਤੀ ਸੋਮਿਆ ਮਿਸ਼ਰਾ, ਆਈ.ਪੀ.ਐੱਸ, ਸੀਨੀਅਰ ਕਪਤਾਨ ਪੁਲਿਸ,ਫਿਰੋਜਪੁਰ ਜੀ** ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ. ਪੰਜਾਬ ਜੀ ਦੇ ਦਿਸ਼ਾਂ ਨਿਰਦੇਸ਼ਾ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਅਤੇ ਨਸ਼ਾ ਤਸਕਰਾਂ ਦੀਆਂ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਲਈ ਹਰ ਸੰਭਵ ਕੋਸ਼ਿਸ ਕੀਤੀ ਜਾ ਰਹੀ ਹੈ। ਇਸ ਸੰਬਧੀ ਜਿਲ੍ਹਾ ਪੁਲਿਸ ਦੁਆਰਾ ਜਿਲ੍ਹਾ ਦੇ ਸਮੂਹ ਗਜਟਿਡ ਅਧਿਕਾਰੀਆ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ।

ਇਸ ਮੁਹਿੰਮ ਤਹਿਤ ਸ਼੍ਰੀ ਰਣਧੀਰ ਕੁਮਾਰ, ਆਈ.ਪੀ.ਐਸ, ਕਪਤਾਨ ਪੁਲਿਸ (ਇੰਨ:) ਫਿਰੋਜਪੁਰ, ਸ਼੍ਰੀ ਅਤੁਲ ਸੋਨੀ, ਡੀ.ਐਸ.ਪੀ. (ਗੁਰੂਹਰਸਹਾਏ) ਅਤੇ ਸ਼੍ਰੀ ਬਲਕਾਰ ਸਿੰਘ ਡੀ.ਐਸ.ਪੀ. (ਇੰਨ:) ਦੀ ਨਿਗਰਾਨੀ ਹੇਠ ਇੰਸਪੈਕਟਰ ਗੁਰਜੰਟ ਸਿੰਘ ਮੁੱਖ ਅਫਸਰ ਥਾਣਾ ਗੁਰੂਹਰਸਹਾਏ ਸਮੇਤ ਪੁਲਿਸ ਪਾਰਟੀ ਅਤੇ BSF ਪਾਰਟੀ ਦੇ ਜੁਆਇੰਟ ਨਾਕਾਬੰਦੀ ਪੁਲ ਨਹਿਰ ਛੀਬੇ ਵਾਲਾ ਹਾਜਰ ਸੀ ਤਾਂ ਮੁਖਬਰ ਵੱਲੋ ਸੂਚਨਾ ਦਿੱਤੀ ਕਿ ਸੁਖਚੈਨ ਸਿੰਘ ਪੁੱਤਰ ਚਿਮਨ ਸਿੰਘ ਵਾਸੀ ਛਾਂਗਾ ਰਾਇ ਹਿਠਾੜ ਦਾਖਲੀ ਛੀਬੇਂ ਵਾਲਾ ਅਤੇ ਮੰਗਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਛਾਂਗਾ ਰਾਇ ਹਿਠਾੜ ਉਰਫ ਛੀਂਬੇਂ ਵਾਲਾ ਜਿਹਨਾਂ ਦੇ ਪਾਕਿਸਤਾਨੀ ਸਮਗਲਰਾਂ ਨਾਲ ਸਬੰਧ ਹਨ ਤੇ ਇਹ ਦੋਨੋ ਪਾਕਿਸਤਾਨ ਤੋਂ ਹੈਰੋਇਨ ਮੰਗਵਾਕੇ ਅੱਗੇ ਸਪਲਾਈ ਕਰਨ ਦਾ ਧੰਦਾ ਕਰਦੇ ਹਨ ਤੇ ਉਹਨਾਂ ਪਾਸ ਹੈਰੋਇਨ ਦੀ ਤਾਜਾ ਖੇਪ ਪਾਕਿਸਤਾਨ ਦੇ ਸਮਗਲਰਾਂ ਪਾਸੋਂ ਆਈ ਹੋਈ ਹੈ। ਜਿਸ ਤੇ ਤੁਰੰਤ ਕਰਵਾਈ ਕਰਦਿਆਂ ਇੰਸਪੈਕਟਰ ਗੁਰਜੰਟ ਸਿੰਘ ਵੱਲੋ ਮੁਕੱਦਮਾ ਨੰਬਰ 17 ਮਿਤੀ 10-02-2024 ਅ/ਧ 21 ਐਨ.ਡੀ.ਪੀ.ਐਸ ਐਕਟ ਥਾਣਾ ਗੁਰੂਹਰਸਹਾਏ ਦਰਜ ਰਜਿਸਟਰ ਕਰਵਾਇਆ ਗਿਆ। ਇਸ ਉਪਰੰਤ ਇੰਸਪੈਕਟਰ ਗੁਰਜੰਟ ਸਿੰਘ ਵੱਲੋਂ ਸਮੇਤ ਸਾਥੀ ਕ੍ਰਮਚਾਰੀਆ ਦੇ ਆਪਣੇ ਪਾਸ ਹਾਸਿਲ ਹੋਈ ਮੁਖਬਰੀ ਦੇ ਅਧਾਰ ਪਰ ਸੁਖਚੈਨ ਸਿੰਘ ਪੁੱਤਰ ਚਿਮਨ ਸਿੰਘ ਵਾਸੀ ਛਾਂਗਾ ਰਾਇ ਹਿਠਾੜ ਦਾਖਲੀ ਛੀਬੇਂ ਵਾਲਾ ਨੂੰ ਕਾਬੂ ਕਰਕੇ ਦੋਸ਼ੀ ਸੁਖਚੈਨ ਸਿੰਘ ਦੀ ਨਿਸ਼ਾਨਦੇਹੀ ਪਰ ਭਾਰਤ ਪਾਕਿਸਤਾਨ ਬਾਰਡਰ ਨਾਲ ਲੱਗਦੀ ਜਮੀਨ ਰਕਬਾ ਪਿੰਡ ਬਾਜੇ ਕੇ ਤੋ ਸ਼੍ਰੀ ਅਤੁਲ ਸੋਨੀ ਉਪ ਕਪਤਾਨ ਪੁਲਿਸ ਸ:ਡ ਗੁਰੂਹਰਸਹਾਏ ਦੀ

ਹਾਜਰੀ ਵਿੱਚ 500 ਗ੍ਰਾਮ ਹੈਰੋਇੰਨ ਬ੍ਰਾਮਦ ਕੀਤੀ ਗਈ ਹੈ।ਦੋਸ਼ੀ ਸੁਖਚੈਨ ਸਿੰਘ ਨੇ ਪੁੱਛਗਿੱਛ ਦੋਰਾਨ ਦੱਸਿਆ ਕਿ 500 ਗ੍ਰਾਮ ਹੈਰੋਇਨ ਦੀ ਇੱਕ ਹੋਰ ਖੇਪ ਉਸ ਨੇ ਭਾਰਤ ਪਾਕਿਸਤਾਨ ਬਾਰਡਰ ਨਾਲ ਲੱਗਦੀ ਜਮੀਨ ਰਕਬਾ ਪਿੰਡ ਬਾਜੇ ਕੇ ਵਿਖੇ ਲੁਕਾ ਕੇ ਰੱਖੀ ਹੋਈ ਹੈ ਜਿਸ ਨੂੰ ਅੱਜ ਮਿਤੀ 11-2-24 ਨੂੰ ਦੋਸ਼ੀ ਸੁਖਚੈਨ ਸਿੰਘ ਦੀ ਨਿਸ਼ਾਨਦੇਹੀ ਪਰ ਬਰਾਮਦ ਕੀਤਾ ਗਿਆ। ਇਸ ਮੁਕੱਦਮਾ ਵਿੱਚ ਹੁਣ ਤੱਕ ਦੋਸ਼ੀ ਸੁਖਚੈਨ ਸਿੰਘ ਪਾਸੌਂ ਕੁੱਲ 01 ਕਿਲੋਗ੍ਰਾਮ ਹੈਰੋਇਨ ਦੀ ਬਰਾਮਦਗੀ ਹੋ ਚੁੱਕੀ ਹੈ । ਦੋਸ਼ੀ ਸੁਖਚੈਨ ਸਿੰਘ ਉਕਤ ਨੂੰ ਅੱਜ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਿਲ ਕਰਦੇ ਹੋਏ ਇਸਦੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ, ਜਿਸਤੋਂ ਹੋਰ ਸੁਰਾਗ ਲੱਗਣ ਦੇ ਆਸਾਰ ਹਨ।

**ਮੁਕੱਦਮਾ ਨੰਬਰ 17 ਮਿਤੀ 10-02-2024 ਅ/ਧ 21 ਐਨ.ਡੀ.ਪੀ.ਐਸ ਐਕਟ ਥਾਣਾ ਗੁਰੂਹਰਸਹਾਏ**

**ਬਨਾਮ:** 1. ਸੁਖਚੈਨ ਸਿੰਘ ਪੁੱਤਰ ਚਿਮਨ ਸਿੰਘ ਵਾਸੀ ਛਾਂਗਾ ਰਾਇ ਹਿਠਾੜ ਦਾਖਲੀ ਛੀਬੇਂ ਵਾਲਾ

**<u>ਗ੍ਰਿਫਤਾਰ</u>**

2. ਮੰਗਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਛਾਂਗਾ ਰਾਇ ਹਿਠਾੜ ਉਰਫ ਛੀਂਬੇਂ ਵਾਲਾ

**<u>ਗ੍ਰਿਫਤਾਰੀ ਬਾਕੀ</u>**

**ਬ੍ਰਾਮਦਗੀ 01 ਕਿਲੋਗ੍ਰਾਮ ਹੈਰੋਇੰਨ**

**ਵਕੂਆ ਦੀ ਮਿਤੀ ਅਤੇ ਸਥਾਨ-** ਮਿਤੀ 10-02-2024 ਰਕਬਾ ਪਿੰਡ ਬਾਜੇ ਕੇ

**ਦੋਸ਼ੀ ਮੰਗਲ ਸਿੰਘ ਦਾ ਸਾਬਕਾ ਕ੍ਰਿਮੀਨਲ ਰਿਕਾਰਡ ਹੇਠ ਲਿਖੇ ਅਨੁਸਾਰ ਹੈ ਜੀ:-**

1. ਮੁਕੱਦਮਾ ਨੰਬਰ 05 ਮਿਤੀ 09-06-2020 ਅ/ਧ 21/23/30 ਐਨ.ਡੀ.ਪੀ.ਐਸ ਐਕਟ ਥਾਣਾ ਐਸ.ਐਸ.ਓ.ਸੀ ਫਾਜਿਲਕਾ